**State Council of Educational Research & Training, Punjab**
Block-E, 6th Floor, Punjab School Education Board Complex
Phase 8, Sector 62, Mohali,160062 Punjab
Phone: 0172-2212221, Fax: 0172-2212793,Website:www.scertpunjab.ac.in

**ਵੱਲ**

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਸਮੂਹ ਪ੍ਰਿੰਸੀਪਲ ਡਾਇਟ
ਸਬੰਧਤ ਸਕੂਲ ਮੁਖੀ

**ਮੀਮੋ ਨੰ: ਐਸ.ਸੀ.ਈ.ਆਰ.ਟੀ./ਸਸਅ/2017/**2017/2479 - 543
**ਮਿਤੀ:** 13.11.17

**ਵਿਸ਼ਾ:- ਜ਼ਿਲ੍ਹਾ ਮੈਂਟਰ/ ਬਲਾਕ ਮੈਂਟਰਜ਼ ਅੰਗਰੇਜ਼ੀ / ਸਮਾਜਿਕ ਵਿਗਿਆਨ ਦੀ ਡਿਊਟੀ ਸਬੰਧੀ ਨਵੀਆਂ ਹਦਾਇਤਾਂ।**

1. ਉਪਰੋਕਤ ਵਿਸ਼ੇ ਦੇ ਸਬੰਧ 'ਪੜ੍ਹੋ ਪੰਜਾਬ , ਪੜ੍ਹਾਓ ਪੰਜਾਬ' ਅੰਗਰੇਜ਼ੀ / ਸਮਾਜਿਕ ਵਿਗਿਆਨ ਦੇ ਅਧਿਆਪਕਾਂ ਦੀ ਟ੍ਰੇਨਿੰਗ ਦਾ ਕੰਮ ਲਗਭਗ ਪੂਰਾ ਹੋਣ ਵਾਲਾ ਹੈ। ਇਸ ਲਈ ਸਕੂਲਾਂ ਵਿੱਚ ਇਸ ਨੂੰ ਅਮਲੀ ਰੂਪ ਦਿੱਤਾ ਜਾਣਾ ਹੈ ਇਸ ਸਬੰਧੀ ਅੰਗਰੇਜ਼ੀ / ਸਮਾਜਿਕ ਵਿਗਿਆਨ ਦੇ ਜ਼ਿਲ੍ਹਾ ਮੈਂਟਰ ਅਤੇ ਅੰਗਰੇਜ਼ੀ / ਸਮਾਜਿਕ ਵਿਗਿਆਨ ਦੇ ਬਲਾਕ ਮੈਂਟਰ ਲਈ ਹੁਣ ਹੇਠ ਲਿਖੇ ਕੰਮ ਅਤੇ ਜ਼ਿੰਮੇਵਾਰੀਆਂ ਨਿਰਧਾਰਿਤ ਕੀਤੀਆਂ ਜਾਂਦੀਆਂ ਹਨ ।
2. 'ਪੜ੍ਹੋ ਪੰਜਾਬ , ਪੜ੍ਹਾਓ ਪੰਜਾਬ' ਬਲਾਕ ਮੈਂਟਰ ਅੰਗਰੇਜ਼ੀ / ਸਮਾਜਿਕ ਵਿਗਿਆਨ ਦੇ ਜ਼ਿਲ੍ਹਾ ਮੈਂਟਰ ਅਤੇ ਅੰਗਰੇਜ਼ੀ / ਸਮਾਜਿਕ ਵਿਗਿਆਨ ਦੇ ਬਲਾਕ ਮੈਂਟਰ ਦੀ ਡਿਊਟੀ ਸਕੂਲ ਸਮੇਂ ਦੀ ਹੈ ਅਤੇ ਇਹਨਾਂ ਵੱਲੋਂ ਵੱਖ-ਵੱਖ ਅੱਪਰ ਪ੍ਰਾਇਮਰੀ ਸਕੂਲਾਂ ਅੰਦਰ ਜਾ ਕੇ ਆਪਣੇ ਸੁਝਾਵਾਂ ਤਹਿਤ ਅਧਿਆਪਕਾਂ ਨੂੰ ਨਵੀਆਂ ਅਧਿਆਪਨ ਵਿਧੀਆਂ ਅੰਗਰੇਜ਼ੀ / ਸਮਾਜਿਕ ਵਿਗਿਆਨ ਸਿੱਖਿਆ ਦੇ ਸਿਰਜਣਾਤਮਕ ਮਾਡਲ / ਕਿਰਿਆਵਾਂ ਰਾਹੀਂ ਸਕੂਲ ਵਿੱਚ ਜਾ ਕੇ ਅਧਿਆਪਕ ਨੂੰ ਅਧਿਆਪਕ ਦੇ ਅਧਿਆਪਨ ਕਾਰਜ ਵਿਚ ਦਰਪੇਸ਼ ਸਮੱਸਿਆਵਾਂ ਦਾ ਸਮਾਧਾਨ ਕਰਵਾਉਣਾ ਹੈ।
3. ਟ੍ਰੇਨਿੰਗ ਤੋਂ ਤੁਰੰਤ ਬਾਅਦ ਹਰੇਕ ਸਕੂਲ ਵਿੱਚ ਛੇਵੀਂ, ਸੱਤਵੀਂ ਅਤੇ ਅੱਠਵੀਂ ਜਮਾਤ ਵਿੱਚ ਪੜ੍ਹਦੇ ਵਿਦਿਆਰਥੀਆਂ ਦਾ ਡੀ.ਐਮ/ਬੀ.ਐਮ ਦੀ ਦੇਖ-ਰੇਖ ਵਿੱਚ ਬੇਸ-ਲਾਇਨ ਕੀਤਾ ਜਾਵੇਗਾ ਅਤੇ ਬੀ.ਐਮ. ਰਾਹੀਂ ਅਧਿਆਪਕ ਵੱਲੋਂ ਤਿਆਰ ਕੀਤੀ ਡਾਟਾ ਸ਼ੀਟ ਰਿਕਾਰਡ ਇਕੱਤਰ ਕਰਕੇ ਇਸ ਕੰਮ ਲਈ ਬਣਾਏ ਗਏ ਐਪ ਵਿੱਚ ਬੀ.ਐਮ. ਰਾਹੀਂ ਪੋਸਟ ਕੀਤਾ ਜਾਵੇਗਾ।
4. ਬੇਸਲਾਈਨ ਟੈਸਟ ਕੰਡਕਟ ਕਰਵਾਉਣ ਤੋਂ ਬਾਅਦ ਛੇਵੀਂ, ਸੱਤਵੀਂ ਅਤੇ ਅੱਠਵੀਂ ਜਮਾਤ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਕੰਮ ਵਾਲੇ 30 ਦਿਨਾਂ ਲਈ ਅੰਗਰੇਜ਼ੀ / ਸਮਾਜਿਕ ਵਿਗਿਆਨ ਦੇ ਦੋ ਮੁੱਖ ਉਦੇਸ਼ਾਂ ਲਈ ਫਾਊਡੇਸ਼ਨ ਕੋਰਸ ਕਰਵਾਇਆ ਜਾਵੇਗਾ, ਜਿਸ ਦੀ ਮੋਨੀਟਰਿੰਗ ਅਤੇ ਮੈਂਟਰਿੰਗ ਡੀ.ਐਮ/ ਬੀ.ਐਮ ਦੀ ਟੀਮ ਵੱਲੋਂ ਲਗਾਤਾਰ ਕੀਤੀ ਜਾਵੇਗੀ ਅਤੇ ਅੰਤ ਵਿੱਚ ਟੀਮ ਵੱਲੋਂ ਅਧਿਆਪਕ ਦੀ ਸਹਾਇਤਾ ਨਾਲ ਐਂਡਲਾਇਨ ਟੈਸਟ ਕਰਵਾਇਆ ਜਾਵੇਗਾ।
5. 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਜ਼ਿਲ੍ਹਾ ਮੈਂਟਰ ਅੰਗਰੇਜ਼ੀ / ਸਮਾਜਿਕ ਵਿਗਿਆਨ ਅਤੇ ਬਲਾਕ ਮੈਂਟਰ- ਅੰਗਰੇਜ਼ੀ / ਸਮਾਜਿਕ ਵਿਗਿਆਨ ਦੀ ਹਾਜ਼ਰੀ ਉਸ ਸਕੂਲ ਦੀ ਵਿਜ਼ਿਟਰ ਬੁੱਕ ਵਿੱਚ ਵਿੱਚ ਲੱਗੇਗੀ। ਬਲਾਕ ਮੈਂਟਰ- ਅੰਗਰੇਜ਼ੀ / ਸਮਾਜਿਕ ਵਿਗਿਆਨ ਹਰ ਰੋਜ਼ ਘੱਟੋ-ਘੱਟ ਦੋ ਸਕੂਲ ਵਿਜ਼ਟ ਕਰੇਗਾ। ਬਲਾਕ ਮੈਂਟਰ ਅੰਗਰੇਜ਼ੀ / ਸਮਾਜਿਕ ਵਿਗਿਆਨ ਆਪਣੇ ਬਲਾਕ ਦਾ ਹਰ ਸਕੂਲ ਘੱਟੋ-ਘੱਟ ਇੱਕ ਵਾਰ ਜ਼ਰੂਰ ਵਿਜ਼ਿਟ ਕਰੇਗਾ ਅਤੇ ਸਕੂਲਾਂ ਵਿੱਚ ਆਉਣ ਅਤੇ ਜਾਣ ਦਾ ਸਮਾਂ ਵਿਜ਼ਿਟਰ ਬੁੱਕ 'ਤੇ ਵੀ ਦਰਜ਼ ਕਰੇਗਾ। ਇਸ ਗੱਲ ਨੂੰ ਜ਼ਰੂਰ ਧਿਆਨ ਵਿੱਚ ਰੱਖਿਆ ਜਾਵੇਗਾ ਕਿ ਜਿਹੜਾ ਸਕੂਲ ਮਹੀਨੇ ਵਿੱਚ

- ਇੱਕ ਵਾਰ ਸਵੇਰ ਸਮੇਂ ਦੌਰਾਨ ਪਹਿਲਾਂ ਵਿਜ਼ਿਟ ਹੋਇਆ ਹੈ, ਉਹ ਦੁਬਾਰਾ ਸਵੇਰ ਦੇ ਸਮੇਂ ਵਿਜ਼ਿਟ ਨਹੀਂ ਹੋਵੇਗਾ। ਬੇਸਲਾਈਨ ਮੋਨੀਟਰਿੰਗ ਦੌਰਾਨ ਹਰੇਕ ਜ਼ਿਲ੍ਹਾ ਅਤੇ ਬਲਾਕ ਮੈਂਟਰ ਘੱਟੋ-ਘੱਟ 5 ਸਕੂਲਾਂ ਦੀ ਬੇਸਲਾਈਨ ਟੈਸਟਿੰਗ ਖੁਦ ਕਰਵਾਏਗਾ।

6. ਜ਼ਿਲ੍ਹਾ ਅਤੇ ਬਲਾਕ ਦੁਆਰਾ ਵਿਸ਼ੇਸ਼ ਹਾਲਾਤਾਂ ਤੋਂ ਬਿਨਾਂ ਕੋਈ ਵੀ ਸਕੂਲ ਵਾਰ-ਵਾਰ, ਭਾਵ ਹਰ 10 ਦਿਨਾਂ ਤੋਂ ਪਹਿਲਾਂ ਵਿਜ਼ਿਟ ਨਹੀਂ ਕੀਤਾ ਜਾਵੇਗਾ।

7. ਜ਼ਿਲ੍ਹਾ ਮੈਂਟਰ (ਅੰਗਰੇਜ਼ੀ / ਸਮਾਜਿਕ ਵਿਗਿਆਨ) ਹਰ ਰੋਜ਼ ਬਦਲਵੇਂ ਬਲਾਕ ਮੈਂਟਰ ਅੰਦਰ, ਹਰ ਰੋਜ਼ ਬਦਲ ਕੇ ਰੋਜ਼ ਸਕੂਲ ਬਦਲ ਕੇ ਸਕੂਲ ਵਿਜ਼ਿਟ ਕਰਨਗੇ। ਜਿਨ੍ਹਾ ਸਕੂਲਾਂ ਵਿਚ ਬੇਸਲਾਈਨ ਵਿਚ ਘੱਟ ਨਤੀਜੇ ਆਏ ਹੋਣਗੇ ਉਹਨਾਂ ਵਿਚ ਦੁਬਾਰਾ ਵਿਜ਼ਿਟ ਕੀਤਾ ਜਾਵੇਗਾ।

8. ਹਰੇਕ ਜ਼ਿਲ੍ਹਾ ਮੈਂਟਰ (ਅੰਗਰੇਜ਼ੀ / ਸਮਾਜਿਕ ਵਿਗਿਆਨ) ਅਤੇ ਬਲਾਕ ਮੈਂਟਰ ਅੰਗਰੇਜ਼ੀ / ਸਮਾਜਿਕ ਵਿਗਿਆਨ ਰੋਜ਼ਾਨਾ ਆਪਣੀ ਡਾਇਰੀ ਲਿਖੇਗਾ। ਹਰੇਕ ਜ਼ਿਲ੍ਹਾ ਮੈਂਟਰ (ਅੰਗਰੇਜ਼ੀ / ਸਮਾਜਿਕ ਵਿਗਿਆਨ) ਸਿਰਫ ਤੇ ਸਿਰਫ ਗੁਣਾਤਮਿਕ ਸਿੱਖਿਆ ਏਜੰਡੇ ਤੇ ਕੰਮ ਕਰਨਾ ਹੋਵੇਗਾ। ਇਹ ਵੇਰਵੇ ਉਸ ਵੱਲੋਂ ਆਪਣੀ ਡਾਇਰੀ ਅਤੇ ਵਿਜ਼ਿਟਰ ਬੁੱਕ ਤੇ ਦਰਜ ਕਰਨੇ ਹੋਣਗੇ।

9. ਹਰੇਕ ਜ਼ਿਲ੍ਹਾ ਮੈਂਟਰ (ਅੰਗਰੇਜ਼ੀ / ਸਮਾਜਿਕ ਵਿਗਿਆਨ) ਅਤੇ ਬਲਾਕ ਮੈਂਟਰ ਅੰਗਰੇਜ਼ੀ / ਸਮਾਜਿਕ ਵਿਗਿਆਨ ਸਕੂਲ ਵਿਜ਼ਟ ਦੌਰਾਨ ਸਬੰਧਤ ਸਕੂਲ ਮੁੱਖੀ ਅਤੇ ਅਧਿਆਪਕ ਨੂੰ ਸਕੂਲ ਦੇ ਬੇਹਤਰ ਨਤੀਜਿਆਂ ਲਈ ਸੁਝਾਅ ਦੇ ਕੇ ਆਉਣ।

10. ਜੇਕਰ ਬਲਾਕ ਮੈਂਟਰ ਅੰਗਰੇਜ਼ੀ / ਸਮਾਜਿਕ ਵਿਗਿਆਨ ਛੁੱਟੀ ਲੈਂਦਾ ਹੈ ਤਾਂ ਇਸ ਸਬੰਧੀ ਉਹ ਆਪਣੇ ਸਕੂਲ ਮੁੱਖੀ ਨੂੰ ਅਤੇ ਜ਼ਿਲ੍ਹਾ ਮੈਂਟਰ (ਅੰਗਰੇਜ਼ੀ / ਸਮਾਜਿਕ ਵਿਗਿਆਨ) ਨੂੰ ਜ਼ਰੂਰ ਦੱਸੇਗਾ। ਜ਼ਿਲ੍ਹਾ ਮੈਂਟਰ (ਅੰਗਰੇਜ਼ੀ / ਸਮਾਜਿਕ ਵਿਗਿਆਨ) ਅਤੇ ਬਲਾਕ ਮੈਂਟਰ ਅੰਗਰੇਜ਼ੀ / ਸਮਾਜਿਕ ਵਿਗਿਆਨ ਦੀਆਂ ਛੁੱਟੀਆਂ ਦਾ ਪੂਰਾ ਰਿਕਾਰਡ ਵੱਖਰੇ ਤੌਰ ਤੇ ਰੱਖੇਗਾ। ਇਸੇ ਤਰ੍ਹਾਂ ਜ਼ਿਲ੍ਹਾ ਮੈਂਟਰ (ਅੰਗਰੇਜ਼ੀ / ਸਮਾਜਿਕ ਵਿਗਿਆਨ) ਆਪਣੀ ਛੁੱਟੀ ਬਾਰੇ ਜਿਲ੍ਹਾ ਸਿੱਖਿਆ ਅਫਸਰ ਅਤੇ ਡਾਇਟ ਪ੍ਰਿੰਸੀਪਲ ਨੂੰ ਦੱਸੇਗਾ।

11. ਬਲਾਕ ਮੈਂਟਰ ਅੰਗਰੇਜ਼ੀ / ਸਮਾਜਿਕ ਵਿਗਿਆਨ ਆਪਣਾ ਇੱਕ ਰੂਟ ਚਾਰਟ, ਘੱਟੋ-ਘੱਟ ਪੰਦਰਾਂ ਦਿਨ ਦਾ ਬਣਾ ਕੇ, ਜ਼ਿਲ੍ਹਾ ਮੈਂਟਰ (ਅੰਗਰੇਜ਼ੀ / ਸਮਾਜਿਕ ਵਿਗਿਆਨ) ਨੂੰ ਦੇਣਗੇ ਅਤੇ ਉਸ ਮੁਤਾਬਿਕ ਵਿਜ਼ਿਟਸ ਕਰਨਗੇ। ਇਸ ਵਿੱਚ ਕਿਸੇ ਪ੍ਰਕਾਰ ਦੀ ਤਬਦੀਲੀ ਲਈ ਉਹ ਜ਼ਿਲ੍ਹਾ ਮੈਂਟਰ (ਅੰਗਰੇਜ਼ੀ / ਸਮਾਜਿਕ ਵਿਗਿਆਨ) ਨੂੰ ਸੂਚਿਤ ਕਰੇਗਾ। ਇਸੇ ਤਰ੍ਹਾਂ ਜ਼ਿਲ੍ਹਾ ਮੈਂਟਰ (ਅੰਗਰੇਜ਼ੀ / ਸਮਾਜਿਕ ਵਿਗਿਆਨ) ਆਪਣਾ ਰੂਟ ਚਾਰਟ ਬਣਾ ਕੇ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ)/ਡਾਇਟ ਪ੍ਰਿੰਸੀਪਲ ਨੂੰ ਦੇ ਕੇ ਕੰਮ ਕਰਨਗੇ ਅਤੇ ਹਰ 15 ਦਿਨ ਬਾਅਦ ਇਸ ਦੀ ਕਾਰਜ ਬਾਅਦ ਜ਼ਿਲ੍ਹਾ ਸਿੱਖਿਆ ਅਫ਼ਸਰ/ਡਾਇਟ ਪ੍ਰਿੰਸੀਪਲ ਨੂੰ ਇਸ ਸਬੰਧੀ ਰਿਪੋਰਟ ਦੇਣਗੇ।

12. ਜ਼ਿਲ੍ਹਾ ਮੈਂਟਰ (ਅੰਗਰੇਜ਼ੀ / ਸਮਾਜਿਕ ਵਿਗਿਆਨ) ਅਤੇ ਬਲਾਕ ਮੈਂਟਰ ਅੰਗਰੇਜ਼ੀ / ਸਮਾਜਿਕ ਵਿਗਿਆਨ ਦੁਆਰਾ ਕਰਵਾਏ, ਜਾ ਰਹੇ ਸਿਲੇਬਸ ਲਈ ਵੀ ਅਧਿਆਪਕ ਦੇ ਸਹਿਯੋਗ ਵਜੋਂ ਮਾਡਲ ਲੈਸਨ ਪਲਾਨ, ਟੀ.ਐੱਲ.ਐੱਮ, ਆਨ ਸਾਈਟ ਅਕਾਦਮਿਕ ਅਤੇ ਰਿਸੋਰਸ ਸਪੋਰਟ ਆਦਿ ਸਬੰਧੀ ਗੱਲਬਾਤ ਕਰਨੀ ਹੋਵੇਗੀ ਅਤੇ ਬੱਚਿਆਂ ਦੇ ਸਿਲੇਬਸ 'ਚੋਂ ਬੱਚਿਆਂ ਦੇ ਸਿੱਖਣ ਪੱਧਰ ਦੀ ਜਾਂਚ ਕਰਨੀ ਜ਼ਰੂਰੀ ਹੈ।

13. ਜ਼ਿਲ੍ਹਾ ਮੈਂਟਰ (ਅੰਗਰੇਜ਼ੀ / ਸਮਾਜਿਕ ਵਿਗਿਆਨ) ਅਤੇ ਬਲਾਕ ਮੈਂਟਰ ਅੰਗਰੇਜ਼ੀ / ਸਮਾਜਿਕ ਵਿਗਿਆਨ ਇੱਕ ਸਕੂਲ ਵਿੱਚ ਇੱਕਠੇ ਵਿਜ਼ਟ ਲਈ ਨਹੀਂ ਜਾਣਗੇ।

14: 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ'- ਅੰਗਰੇਜ਼ੀ / ਸਮਾਜਿਕ ਵਿਗਿਆਨ ਟੀਮ ਦਾ ਕੋਈ ਵੀ ਮੈਂਬਰ ਕਿਸੇ ਵੀ ਪੱਧਰ 'ਤੇ ਜ਼ਿਲ੍ਹਾ ਸਿੱਖਿਆ ਅਫ਼ਸਰ, ਡਾਇਟ ਪ੍ਰਿੰਸੀਪਲ, ਉਪ-ਜ਼ਿਲ੍ਹਾ ਸਿੱਖਿਆ ਅਫਸਰ, ਵੱਲੋਂ ਹਟਾਇਆ/ਲਗਾਇਆ ਨਹੀਂ ਜਾਵੇਗਾ। ਇਸ ਲਈ ਮੁੱਖ ਦਫ਼ਤਰ ਦੀ ਪ੍ਰਵਾਨਗੀ ਲੈਣੀ ਜ਼ਰੂਰੀ ਹੋਵੇਗੀ।

15. ਬਲਾਕ ਮੈਂਟਰ ਅੰਗਰੇਜ਼ੀ / ਸਮਾਜਿਕ ਵਿਗਿਆਨ ਕੋਲ ਸਬੰਧਤ ਬਲਾਕ ਦੇ ਹਰੇਕ ਸਕੂਲ ਮੁੱਖੀ ਦੇ ਕੋਲ ਵੀ ਆਪਣੇ ਅਧੀਨ ਪੈਂਦੇ ਸਕੂਲ ਮੁੱਖੀਆਂ ਦਾ ਮੋਬਾਈਲ ਨੰਬਰ ਆਪਣੀ ਡਾਇਰੀ 'ਚ ਦਰਜ ਹੋਣਾ ਚਾਹੀਦਾ ਹੈ ਅਤੇ ਉਹ ਫੋਨ ਤੇ ਅਕਾਦਮਿਕ ਸੁਧਾਰ ਸਬੰਧੀ ਸਕੂਲ ਮੁੱਖੀ ਨਾਲ ਗੱਲਬਾਤ ਕਰਦੇ ਰਹਿਣਗੇ।

16. ਜ਼ਿਲ੍ਹਾ ਸਿੱਖਿਆ ਅਤੇ ਡਾਇਟ ਸੰਸਥਾਵਾਂ ਜ਼ਿਲ੍ਹੇ ਦੀ ਅਕਾਦਮਿਕ ਅਥਾਰਟੀ ਹਨ, ਜਿਹਨਾਂ ਦੀ ਜ਼ਿੰਮੇਵਾਰੀ ਜ਼ਿਲ੍ਹੇ ਦੇ ਸਕੂਲਾਂ ਦੇ ਸਿੱਖਿਆ ਪੱਧਰ ਨੂੰ ਉੱਚਾ ਕਰਨਾ ਹੈ। ਇਸ ਦੇ ਨਾਲ ਹੀ ਇਸ ਪ੍ਰੋਜੈਕਟ ਨੂੰ ਸਫਲਤਾਪੂਰਵਕ ਨੇਪਰੇ ਚਾੜਨ ਲਈ DMs, BMs ਅਤੇ ਸਕੂਲ ਅਧਿਆਪਕਾਂ ਨੂੰ ਦਰਪੇਸ਼ ਸਮੱਸਿਆਵਾਂ ਦੇ ਸਨਮੁੱਖ ਲੋੜੀਂਦੇ ਪ੍ਰੋਗਰਾਮ ਉਲੀਕਣਾ ਅਤੇ ਪ੍ਰੋਜੈਕਟ ਦਾ ਮੁਲਾਂਕਣ ਕਰਨਾ ਵੀ ਇਹਨਾਂ ਦੇ ਕਾਰਜ ਖੇਤਰ ਵਿੱਚ ਸ਼ਾਮਿਲ ਹੈ

13/11/17

**ਡਾਇਰੈਕਟਰ ਐਸ.ਸੀ.ਈ.ਆਰ.ਟੀ**
**ਪੰਜਾਬ**

**ਪਿੱਠ ਅੰਕਣ ਨੰ. ਐਸ.ਸੀ.ਈ.ਆਰ.ਟੀ./ਸਸਅ/2017/** 2017/2543-545 **ਮਿਤੀ:** 13.11.17

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ :

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
2. ਡੀ.ਪੀ.ਆਈ (ਸੈ.ਸਿੱ), ਪੰਜਾਬ
3. ਡੀ.ਪੀ.ਆਈ (ਐ.ਸਿੱ), ਪੰਜਾਬ

-ਸੀ-

**ਡਾਇਰੈਕਟਰ ਐਸ.ਸੀ.ਈ.ਆਰ.ਟੀ**
**ਪੰਜਾਬ**